## ਪੰਜਾਬ ਸਰਕਾਰ
## ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
### (ਮਕਾਨ ਉਸਾਰੀ -2 ਸਾਖਾ)

ਸੇਵਾ ਵਿਖੇ

ਡਾਇਰੈਕਟਰ,

ਨਗਰ ਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ ।

ਮੀਮੋ ਨੰ: 18/02/19-5ਮਉ2 |414558/1

ਮਿਤੀ, ਚੰਡੀਗੜ੍ਹ: 8/2/2019

ਵਿਸ਼ਾ: **ਸਾਂਝੇ ਖਾਤੇ ਵਾਲੇ ਭੌਂ ਵਰਤੋਂ ਤਬਦੀਲੀ ਦੇ ਕੇਸਾਂ ਨੂੰ ਪ੍ਰਵਾਨ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਵਿਸ਼ੇ ਅੰਕਿਤ ਮਾਮਲੇ ਦੇ ਸਬੰਧ ਵਿਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਜੀ ਵੱਲੋਂ ਹੇਠ ਲਿਖੇ ਆਦੇਸ਼ ਦਿੱਤੇ ਗਏ ਹਨ:

1. ਮਿਤੀ 31-12-2018 ਤੱਕ ਵਿਭਾਗ ਦੇ ਸਮੂਹ ਦਫਤਰਾਂ ਪਾਸ ਲੰਬਿਤ ਪਏ ਕੇਸਾਂ ਨੂੰ ਵਿਭਾਗ ਦੀ ਪ੍ਰਚਲਤ ਪ੍ਰਥਾ (ਸਬੰਧਤ ਸਰਕਲ ਰੈਵੀਨਿਊ ਅਫਸਰ ਪਾਸੋਂ ਕਬਜਾ ਤਸਦੀਕ ਕਰਵਾਉਂਦੇ ਹੋਏ) ਅਨੁਸਾਰ ਹੀ ਮੰਨਜ਼ੂਰ ਕੀਤਾ ਜਾਵੇ ਅਤੇ ਪ੍ਰਾਰਥੀ ਪਾਸੋਂ ਇਥੇ ਅੰਡਰਟੇਕਿੰਗ ਪ੍ਰਾਪਤ ਕਰ ਲਈ ਜਾਵੇ ਕਿ ਭਵਿੱਖ ਵਿਚ ਜੇਕਰ co-shares ਨਾਲ ਕਿਸੇ ਕਿਸਮ ਦੀ ਲਿਟੀਗੇਸ਼ਨ ਹੁੰਦੀ ਹੈ ਤਾਂ ਉਸ ਸਬੰਧੀ ਇਹ ਵਿਭਾਗ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਉਸਦੀ ਨਿਰੋਲ ਜ਼ਿੰਮੇਵਾਰੀ ਪ੍ਰਾਰਥੀ ਦੀ ਹੀ ਹੋਵੇਗੀ।
2. ਮਿਤੀ 01-01-2019 ਤੋਂ ਬਾਅਦ ਵਿਭਾਗ ਦੇ ਸਮੂਹ ਦਫਤਰਾਂ ਵਿਚ ਪ੍ਰਾਪਤ ਹੋਣ ਵਾਲੇ ਅਜਿਹੇ ਕੇਸਾਂ ਨੂੰ ਡੀਲ ਕਰਦੇ ਸਮੇਂ ਪ੍ਰਾਰਥੀ ਵੱਲੋਂ ਅਪਲਾਈ ਕੀਤੇ ਗਏ ਰਕਬੇ ਦੀ ਨਿੱਜੀ ਮਾਲਕੀ/ਤਕਸੀਮ ਕੀਤੀ ਹੋਈ ਯਕੀਨੀ ਬਣਾਈ ਜਾਵੇ ਜਾਂ ਬਾਕੀ ਹਿੱਸੇਦਾਰੀ ਦੀ ਸਹਿਮਤੀ ਪ੍ਰਾਪਤ ਕੀਤੀ ਜਾਵੇ।

ਆਪ ਨੂੰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਜੀ ਵੱਲੋਂ ਪ੍ਰਾਪਤ ਹੁਕਮ ਜੋ ਕਿ ਉਨ੍ਹਾਂ ਦੇ ਡਾਇਰੀ ਨੰ: 33 ਮਿਤੀ 22-01-2019 ਰਾਹੀਂ ਪ੍ਰਾਪਤ ਹੋਏ ਹਨ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਵਿਸ਼ੇਸ਼ ਸਕੱਤਰ

ਪਿੱਠ ਅੰਕਣ ਨੰ: 18/2/19-5ਮਉ2 ਮਿਤੀ, ਚੰਡੀਗੜ੍ਹ:

ਉਤਾਰਾ ਨਿੱਜੀ ਸਕੱਤਰ/ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਨੂੰ ਮੰਤਰੀ ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

P.T.O

Scanned with CamScanner

# ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 1010-29 ਸੀਟੀਪੀ(ਪਬ)/ SP-432-Gen ਮਿਤੀ 12-02-2019

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1) ਸੀਨੀਅਰ ਨਗਰ ਯੋਜਨਾਕਾਰ, ਪੀ.ਬੀ.ਆਈ.ਪੀ, ਐਸ.ਏ.ਐਸ.ਨਗਰ /ਲੁਧਿਆਣਾ/ਪਟਿਆਲਾ/ ਜਲੰਧਰ/ ਅੰਮ੍ਰਿਤਸਰ।
2) ਜਿਲਾ ਨਗਰ ਯੋਜਨਾਕਾਰ, ਐਸ.ਏ.ਐਸ.ਨਗਰ /ਲੁਧਿਆਣਾ/ਪਟਿਆਲਾ/ਜਲੰਧਰ/ਅੰਮ੍ਰਿਤਸਰ/ ਰੂਪਨਗਰ/ ਫਤਿਹਗੜ੍ਹ ਸਾਹਿਬ/ਗੁਰਦਾਸਪੁਰ/ਹੁਸ਼ਿਆਰਪੁਰ/ਸੰਗਰੂਰ/ਫਿਰੋਜ਼ਪੁਰ/ਫਰੀਦਕੋਟ/ਬਠਿੰਡਾ।

ਦਸਤਖਤ।

11/2/2019

ਸੀਨੀਅਰ ਨਗਰ ਯੋਜਨਾਕਾਰ (ਸ.ਮੁ),
ਦਫ: ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

Scanned with CamScanner